**ਜਮਾਤ – ਬਾਰ੍ਹਵੀਂ**

**ਵਿਸ਼ਾ – ਭੂਗੋਲ**

**ਮਾਡਲ ਟੈਸਟ ਪੇਪਰ (Theory)**

**ਸਮਾਂ – 3 ਘੰਟੇ** **(ਸਮੈਸਟਰ – II)** **ਅੰਕ – 70**

**ਆਂਤਰਿਕ ਮੁਲਾਂਕਣ – 10**

**ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

ਪ੍ਰਸ਼ਨ ਨੰ: 1 'ਭੂਗੋਲ' ਸ਼ਬਦ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ?

ਪ੍ਰਸ਼ਨ ਨੰ: 2 ਸੋਮਿਆਂ ਦੇ ਦੋ ਮੁੱਖ ਵਰਗਾਂ ਦੇ ਨਾਂ ਲਿਖੋ।

ਪ੍ਰਸ਼ਨ ਨੰ: 3 ਜੈਵਿਕ ਸੋਮਿਆਂ ਦੀਆਂ ਦੋ ਪ੍ਰਮੁੱਖ ਉਦਾਹਰਣਾਂ ਦਿਓ?

ਪ੍ਰਸ਼ਨ ਨੰ: 4 ਮਾਨਸੂਨ ਜੰਗਲ ਕਿਹੜੇ ਅਕਸ਼ਾਂਸ਼ਾ ਤੇ ਪਾਏ ਜਾਂਦੇ ਹਨ?

ਪ੍ਰਸ਼ਨ ਨੰ: 5 ਧਰਤੀ ਦਾ ਕਿੰਨੇ ਪ੍ਰਤੀਸ਼ਤ ਭਾਗ ਜੰਗਲਾਂ ਹੇਠ ਹੈ। ਯੂ ਐਨ ਓ ਵਿਗਿਆਨਕਾਂ ਅਨੁਸਾਰ ਕਿੰਨਾ ਪ੍ਰਤੀਸ਼ਤ ਭਾਗ ਜੰਗਲਾਂ ਹੇਠ ਹੋਣਾ ਚਾਹੀਦਾ ਹੈ?

ਪ੍ਰਸ਼ਨ ਨੰ: 6 ਕਿਹੜੇ ਦੇਸ਼ ਦਾ ਮੱਖਣ ਸੱਭ ਤੋਂ ਵਧੀਆਂ ਕਿਸਮ ਦਾ ਹੁੰਦਾ ਹੈ?

ਪ੍ਰਸ਼ਨ ਨੰ: 7 ਕੌਫੀ ਦਾ ਪੌਦਾ ਕਿਹੜੇ ਦੇਸ਼ ਦਾ ਮੂਲ ਨਿਵਾਸੀ ਹੈ?

ਪ੍ਰਸ਼ਨ ਨੰ: 8 ਭਾਰਤ ਦੇ ਕੋਈ ਦੋ ਲੋਹਾ – ਇਸਪਾਤ ਉਦਯੋਗ ਦੇ ਕਾਰਖਾਨਿਆਂ ਦੇ ਨਾਂ ਲਿਖੋ।

ਪ੍ਰਸ਼ਨ ਨੰ: 9 ਫਰਾਂਸ ਸਾਇਬੇਰੀਅਨ ਰੇਲਵੇ ਲਾਈਨ ਦੀ ਲੰਬਾਈ ਕਿੰਨੀ ਹੈ?

ਪ੍ਰਸ਼ਨ ਨੰ: 10 ਸੁਏਜ਼ ਨਹਿਰ ਕਿਹੜੇ ਦੋ ਸਾਗਰਾਂ ਨੂੰ ਆਪਸ ਵਿੱਚ ਮਿਲਾਉਂਦੀ ਹੈ? 1 X 10 = 10

ਪ੍ਰਸ਼ਨ ਨੰ: 11 ਬਾਗਾਤੀ ਖੇਤੀ ਤੇ ਨੋਟ ਲਿਖੋ?

ਪ੍ਰਸ਼ਨ ਨੰ: 12 ਸੰਸਾਰ ਦੀ ਵਧੇਰੇ ਕਣਕ $25^0 - 45^0$ ਅਕਸ਼ਾਂਸ਼ਾ ਵਿੱਚ ਹੀ ਕਿਉਂ ਹੁੰਦੀ ਹੈ?

ਪ੍ਰਸ਼ਨ ਨੰ: 13 ਚਾਹ ਦੀਆਂ ਵੱਖ-ਵੱਖ ਕਿਸਮਾਂ ਦੇ ਨਾਂ ਲਿਖੋ?

ਪ੍ਰਸ਼ਨ ਨੰ: 14 ਘਰੇਲੂ ਉਦਯੋਗ ਕੀ ਹੁੰਦਾ ਹੈ

ਪ੍ਰਸ਼ਨ ਨੰ: 15 ਕਿਊਬਾ ਖੰਡ ਉਦਯੋਗ ਦੀ ਸੰਖੇਪ ਜਾਣਕਾਰੀ ਦਿਓ। 2 X 5 = 10

ਪ੍ਰਸ਼ਨ ਨੰ: 16 ਖੇਤੀ ਬਾੜੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਣਾਂ ਦਾ ਵਰਨਣ ਕਰੋ।

ਪ੍ਰਸ਼ਨ ਨੰ: 17 ਫਿਰਤੂ ਪਸ਼ੂ ਪਾਲਣ ਅਤੇ ਵਪਾਰਕ ਪਸ਼ੂ ਪਾਲਣ ਵਿੱਚ ਅੰਤਰ ਸਪੱਸ਼ਟ ਕਰੋ।

ਪ੍ਰਸ਼ਨ ਨੰ: 18 ਉੱਤਰੀ ਪੱਛਮੀ ਯੂਰਪ ਵਿੱਚੋਂ ਡੇਅਰੀ ਉਦਯੋਗ ਦੇ ਵਿਕਾਸ ਦਾ ਵਰਨਣ ਕਰੋ।

ਪ੍ਰਸ਼ਨ ਨੰ: 19 ਸੰਸਾਰ ਦਾ ਵਧੇਰੇ ਚਾਵਲ ਦੱਖਣੀ ਅਤੇ ਦੱਖਣੀ ਪੂਰਬੀ ਏਸ਼ੀਆਂ ਵਿੱਚ ਕਿਉਂ ਹੁੰਦਾ ਹੈ?

ਪ੍ਰਸ਼ਨ ਨੰ: 20 ਭਾਰਤ ਵਿੱਚੋਂ ਕਪਾਹ ਪੈਦਾ ਕਰਨ ਵਾਲੇ ਖੇਤਰਾਂ ਦਾ ਵਰਨਣ ਕਰੋ?

ਪ੍ਰਸ਼ਨ ਨੰ: 21 ਜਾਪਾਨ ਦੇ ਸੁਮੰਦਰੀ ਜਹਾਜ਼ ਬਣਾਉਣ ਵਾਲੇ ਉਦਯੋਗ ਤੇ ਚਾਨਣਾਂ ਪਾਉ।

ਪ੍ਰਸ਼ਨ ਨੰ: 22 ਜਮਸ਼ੇਦਪੁਰ ਵਿੱਚ ਇਸਪਾਤ ਉਦਯੋਗ ਲਈ ਅਨੁਕੂਲ ਸਹੂਲਦਾਂ ਦੱਸੋ।

ਪ੍ਰਸ਼ਨ ਨੰ: 23 ਆਵਾਜਾਈ ਦੇ ਸਾਧਨ ਕਿਸੇ ਦੇਸ਼ ਦੀਆ ਜੀਵਨ ਰੇਖਾਵਾਂ ਕਿਉਂ ਕਹੀਆਂ ਜਾਂਦੀਆਂ ਹਨ?

ਪ੍ਰਸ਼ਨ ਨੰ: 24 ਕੈਨੇਡੀਅਨ ਪੈਸੇਫਿਕ ਰੇਲਵੇ ਮਾਰਗ ਦਾ ਵਰਨਣ ਕਰੋ।

ਪ੍ਰਸ਼ਨ ਨੰ: 25 ਅੰਦਰੂਨੀ ਜਲਮਾਰਗ ਕੀ ਹੁੰਦਾ ਹਨ? ਕਿਸੇ ਇੱਕ ਪ੍ਰਮੁੱਖ ਕਿਸਮ ਦੇ ਅੰਦਰੂਨੀ ਜਲਮਾਰਗ ਦਾ ਵਰਨਣ ਕਰੋ? 3 X 10 = 30

ਪ੍ਰਸ਼ਨ ਨੰ: 26 ਉਦਯੋਗਾਂ ਦੇ ਸਥਾਨੀਕਰਨ ਲਈ ਲੋੜੀਂਦੀਆ ਹਾਲਤਾਂ ਦਾ ਵਰਨਣ ਕਰੋ।

ਜਾਂ

ਨਿਰਮਾਣ ਉਦਯੋਗ ਦੀਆ ਕਿਸਮਾਂ ਦਾ ਵਰਨਣ ਕਰੋ।

ਪ੍ਰਸ਼ਨ ਨੰ: 27 ਸੰਸਾਰ ਵਿੱਚ ਕਣਕ ਦੀ ਖੇਤੀ ਦੀ ਵੰਡ, ਉਤਪਾਦਨ ਅਤੇ ਉਦਭੋਗ ਬਾਰੇ ਜਾਣਕਾਰੀ ਦਿਉ।

ਜਾਂ

ਸੁਏਜ਼ ਨਹਿਰ ਦੇ ਭੂਗੋਲਿਕ, ਆਰਥੀਕ ਅਤੇ ਸੈਨਿਕ ਮਹੱਤਵ ਉੱਤੇ ਚਾਨਣ ਪਾਓ।

5 X2 = 10

ਪ੍ਰਸ਼ਨ ਨੰ: 28 ਹੇਠ ਲਿਖਿਆਂ ਵਿੱਚੋਂ ਸੰਸਾਰ ਦੇ ਨਕਸ਼ੇ ਸੰਸਾਰ ਵਿੱਚੋਂ ਕੋਈ ਪੰਜ ਸਥਾਨ ਭਰੋ:-

(1) ਐਟਲਸ ਪਰਬਤ (2) ਐਟਾਕਾਮਾ ਮਾਰਥੂਲ (3) ਆਰਕਟਿਕ ਵ੍ਰਿਤ

(4) ਟੋਕੀਓ (5) ਪੋ. ਨਦੀ (6) ਕੈਸਪੀਅਨ ਸਾਗਰ

(7) ਫਾਕਲੈਂਡ ਦੀਪ ਸਮੂਹ 1 X5 = 5

ਪ੍ਰਸ਼ਨ ਨੰ: 29 ਹੇਠ ਲਿਖਿਆਂ ਵਿੱਚੋਂ ਨਕਸ਼ੇ ਵਿੱਚ ਕੋਈ ਪੰਜ ਸਥਾਨ ਭਰੋ:-

(1) ਅਰਾਵਲੀ ਪਰਬਤ (2) ਗਾਰੋ - ਖਾਸੀ ਦੀਆਂ ਪਹਾੜੀਆਂ (3) ਦਿੱਲੀ

(4) ਚਾਹ ਉਤਪਾਦਨ ਦਾ ਇੱਕ ਖੇਤਰ (5) ਗੰਗਾ ਨਦੀ (6) ਪੂਰਬੀ ਘਾਟ

(7) ਕੋਰੋ ਮੰਡਲ ਤੱਟ (8) ਲਕਸ਼ਦੀਪ

**ਨੋਟ: ਨੇਤਰਹੀਨ ਵਿਦਿਆਰਥੀਆ ਨੂੰ ਨਕਸ਼ੇ ਭਰਨ ਦੀ ਬਜਾਏ ਇਨ੍ਹਾਂ ਦੇ ਨਾਂ/ਸਥਿਤੀ ਦੱਸਣ ਲਈ ਕਿਹਾ ਜਾਵੇਗਾ। ਇਸ ਲਈ ਨੰਬਰ 28 ਅਤੇ 29 ਇਨ੍ਹਾਂ ਵਿਦਿਆਰਥੀਆਂ ਲਈ ਲਿਖਤੀ ਹੋਵੇਗਾ।**